**Module 7 – ਕਰੈਡਿਟ ਰਿਪੋਰਟਿੰਗ (Credit reporting)** **ACTIVITY SHEET 7-9**

## ਕਰੈਡਿਟ ਸਕੌਰ ਸਿਨਾਰਿਓ (Credit score scenario )

**ਸਿਨਾਰਿਓ #1: ਜੌਨ**
ਜੌਨ ਕੋਲ ਤਿੰਨੁ ਕਰੈਡਿਟ ਕਾਰਡ ਹਨ। ਓਸ ਦੇ ਕਾਰਡਾਂ ਉੱਤੇ ਖਰਚ ਕਰਨ ਦੀ ਹੱਦ ਅਤੇ ਬਕਾਇਆ ਰਕਮ ਦੀ ਸੂਚੀ ਇਸ ਪ੍ਰਕਾਰ ਹੈ

| ਕਾਰਡ | ਹੱਦ | ਬਕਾਇਆ |
|---|---|---|
| ਸੀਅਰਜ਼ | $1000 | $999 |
| ਵੀਜ਼ਾ | $5000 | $5500 |
| ਮਾਸਟਰ ਕਾਰਡ | $3500 | $3000 |

ਜੌਨ ਆਪਣੇ ਬਿਲਾਂ ਦੇ ਭੁਗਤਾਨ ਦੀਆਂ ਤਰੀਕਾਂ ਦਾ ਧਿਆਨ ਨਹੀਂ ਰੱਖਦਾ। ਸਗੋਂ ਕਦੀ-ਕਦੀ ਉਹ ਮਹੀਨੇ ਦੇ ਅੱਧ ਵਿੱਚ ਪੇਅ-ਚੈਕ ਮਿਲਣ ਤੋਂ ਬਾਅਦ ਅਦਾਇਗੀ ਦੀ ਰਕਮ ਭੇਜ ਦਿੰਦਾ ਹੈ।

**ਸਿਨਾਰਿਓ # 2: ਆਮੀਰ**
ਕੈਨੇਡਾ ਆਉਣ ਉਪਰੰਤ ਆਮੀਰ ਨੇ ਚਾਰ ਕਰੈਡਿਟ ਕਾਰਡਾਂ ਲਈ ਅਰਜ਼ੀ ਭਰੀ ਅਤੇ ਚਾਰੋ ਕਾਰਡ ਪ੍ਰਾਪਤ ਕੀਤੇ ਕਿਉਂਕਿ ਉਹ ਸਮਝ ਗਿਆ ਸੀ ਕਿ ਉਸ ਨੂੰ ਇੱਥੇ ਕਰੈਡਿਟ ਹਿਸੱਟਰੀ ਬਣਾਉਣੀ ਪਵੇਗੀ। ਉਸ ਨੇ ਉਨ੍ਹਾਂ ਵਿੱਚੋਂ ਕਿਸੇ ਵੀ ਕਾਰਡ ਦੀ ਕਦੀ ਵਰਤੋਂ ਨਹੀਂ ਕੀਤੀ ਕਿਉਂਕਿ ਉਸ ਨੂੰ ਵਿਆਜ਼ ਅਦਾ ਕਰਨਾ ਚੰਗਾ ਨਹੀਂ ਲਗਦਾ। ਉਹ ਹਰ ਚੀਜ਼ ਨੂੰ ਨਕਦ ਖ਼ਰੀਦਣ ਕਰ ਕੇ ਆਪਣੇ ਆਪ ਤੇ ਫਖ਼ਰ ਮਹਿਸੂਸ ਕਰਦਾ ਹੈ। ਆਮੀਰ ਅਤੇ ਉਸ ਦੀ ਪਤਨੀ ਇਕ ਘਰ ਖਰੀਦਨ ਦਾ ਵਿਚਾਰ ਕਰ ਰਹੇ ਹਨ। ਉਹ ਜਲਦੀ ਹੀ ਬੈਂਕ ਜਾ ਕੇ ਮੋਰਗੇਜ਼ ਲਈ ਅਪਲਾਈ ਕਰਨਗੇ।

**ਸਿਨਾਰਿਓ # 3: ਯਿਨ**
ਯਿਨ ਨੂੰ ਪਿਛਲੇ ਸਾਲ ਪਤਾ ਲੱਗਾ ਕਿ ਉਹ ਸ਼ਨਾਖ਼ਤ ਦੀ ਚੋਰੀ ਦਾ ਸ਼ਿਕਾਰ ਹੋ ਗਈ ਹੈ। ਉਸ ਨੂੰ ਕਈ ਕਰੈਡਿਟ ਕਾਰਡਾਂ ਦੇ ਬਿਲ ਆਉਣੇ ਸ਼ੁਰੂ ਹੋ ਗਏ ਜਿਨ੍ਹਾਂ ਲਈ ਉਸ ਨੇ ਕਦੀ ਅਪਲਾਈ ਵੀ ਨਹੀਂ ਸੀ ਕੀਤਾ। ਪਰ ਉਸ ਨੇ ਬਿਲਾਂ ਅਤੇ ਉਸ ਤੋਂ ਬਾਅਦ ਆਉਣ ਵਾਲੀਆਂ ਕਲੈਕਸ਼ਨ ਕਾਲਾਂ ਵਲ ਧਿਆਨ ਨਹੀਂ ਦਿੱਤਾ।

**ਸਿਨਾਰਿਓ # 4: ਸਾਰਾ**
ਸਾਰਾ ਕੋਲ ਪੰਜ ਕਰੈਡਿਟ ਕਾਰਡ, ਇਕ ਸੈਲ ਫੋਨ ਪਲੈਨ ਅਤੇ ਕੰਪਿਊਟਰ ਲਈ ਇਕ ਕਨਜ਼ਿਊਮਰ ਲੋਨ ਹੈ। ਪਿਛਲੇ ਸਾਲ ਸਾਰਾ ਦੀ ਨੌਕਰੀ ਚਲੀ ਗਈ। ਉਹ ਹੁਣ ਕੰਮ ਲੱਭਣ ਦੇ ਨਾਲ-ਨਾਲ ਸੋਸ਼ਲ ਅਸਿਸਟੈਂਸ ਪ੍ਰਾਪਤ ਕਰ ਰਹੀ ਹੈ। ਉਹ ਆਪਣੇ ਬਿਲਾਂ ਤੇ ਘੱਟ ਤੋਂ ਘੱਟ ਅਦਾਇਗੀ ਦੀ ਰਕਮ ਵਾਰੀ-ਵਾਰੀ ਹਰ ਦੋ ਮਹੀਨੇ ਪ੍ਰਤੀ ਬਿਲ ਦੇ ਹਿਸਾਬ ਨਾਲ ਅਦਾ ਕਰ ਰਹੀ ਹੈ। ਉਸ ਨੇ ਆਪਣਾ ਸੈਲ ਫੋਨ ਕੈਂਸਲ ਕਰ ਦਿੱਤਾ ਹੈ ਪਰੰਤੂ ਕੈਂਸਲ ਕਰਨ ਦੀ ਫ਼ੀਸ 200 ਡਾਲਰ ਸੀ। ਉਹ ਫ਼ੀਸ ਦਾ ਭੁਗਤਾਨ ਨਾ ਕਰ ਸਕੀ ਅਤੇ ਇਹ ਹੁਣ ਕਲੈਕਸ਼ਨ ਕੋਲ ਚਲਾ ਗਿਆ ਹੈ।